# Minister of State for External Affairs Smt. MeenakashiLekhi's visit to Serbia (10-13 October, 2021)

October 14, 2021

……………………………………………………………………………………………………

# ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਵੱਲੋਂ ਸਰਬੀਆ ਦੀ ਫੇਰੀ (10-13 ਅਕਤੂਬਰ, 2021)

14 ਅਕਤੂਬਰ, 2021

1. ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 11-12 ਅਕਤੂਬਰ, 2021 ਤੱਕ ਬੇਲਗ੍ਰੇਡ ਵਿਖੇ ਗੁੱਟ ਨਿਰਲੇਪ ਮੁਹਿੰਮ ਦੀ 60ਵੀਂ ਵਰ੍ਹੇਗੰਢ ਦੇ ਮੌਕੇ ਹੋਈ ਉੱਚ ਪੱਧਰੀ ਯਾਦਗਾਰੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਦੂਤ ਵਜੋਂ ਭਾਰਤੀ ਵਫਦ ਦੀ ਅਗਵਾਈ ਕੀਤੀ।

2. ਕਾਨਫ੍ਰੈਂਸ ਦੇ ਆਮ ਇਜਲਾਸ ਵਿੱਚ ਆਪਣਾ ਸੰਬੋਧਨ ਦਿੰਦੇ ਹੋਏ ਰਾਜ ਮੰਤਰੀ ਨੇ ਗੁੱਟ ਨਿਰਪੇਖ ਮੁਹਿੰਮ ਦੇ ਮੈਂਬਰਾਂ ਨੂੰ ਆਲਮੀ ਨਤੀਜਿਆਂ 'ਤੇ ਗੁਟ ਨਿਰਲੇਪ ਮੁਹਿੰਮ ਦੀ ਲਗਾਤਾਰ ਸਾਰਥਕਤਾ ਅਤੇ ਪ੍ਰਭਾਵ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਗੁਟ ਨਿਰਲੇਪ ਮੁਹਿੰਮ ਵੱਲੋਂ ਪ੍ਰਮੁੱਖ ਮੁੱਖ ਸਮਕਾਲੀ ਮੁੱਦਿਆਂ ਜਿਵੇਂ ਮੌਸਮੀ ਤਬਦੀਲੀ, ਅੱਤਵਾਦ ਅਤੇ COVID 19 ਮਹਾਂਮਾਰੀ ਨਾਲ ਨਜਿੱਠਣ 'ਤੇ ਧਿਆਨ ਕੇਂਦਰਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਸਬੰਧ ਵਿੱਚ MoS ਨੇ 93 ਦੇਸ਼ਾਂ ਨੂੰ ਟੀਕੇ ਦੀਆਂ 7 ਕਰੋੜ ਤੋਂ ਵੱਧ ਖੁਰਾਕਾਂ ਦੀ ਸਪਲਾਈ ਕਰ ਆਲਮੀ ਦੱਖਣ ਦੀਆਂ ਲੋੜਾਂ ਨੂੰ ਪੂਰਾ ਕਰਨ ਪ੍ਰਤੀ ਆਪਣੀ ਨਿਰੰਤਰ ਵਚਨਬੱਧਤਾ ਵਜੋਂ ਭਾਰਤ ਦਵਾਰਾ ਦਿੱਤੇ ਗਏ ਯੋਗਦਾਨ ਨੂੰ ਉਜਾਗਰ ਕੀਤਾ।

3. ਇਸ ਉੱਚ ਪੱਧਰੀ NAM ਮੀਟਿੰਗ ਦੌਰਾਨ ਰਾਜ ਮੰਤਰੀ ਨੇ ਯੁਗਾਂਡਾ ਦੇ ਵਿਦੇਸ਼ ਮੰਤਰੀ ਜਨਰਲ ਜੇਜੇਓਡੋਂਗੋ ਨਾਲ ਦੁਵੱਲੀ ਮੀਟਿੰਗ ਵੀ ਕੀਤੀ ਅਤੇ 2023 ਤੋਂ ਯੁਗਾਂਡਾ ਦੀ ਆਉਣ ਵਾਲੀ ਪ੍ਰਧਾਨਗੀ ਹੇਠ NAM ਨੂੰ ਹੋਰ ਮਜ਼ਬੂਤ ਅਤੇ ਮੁੜ ਸੁਰਜੀਤ ਕਰਨ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰਾ ਕੀਤਾV

4. ਆਪਣੀ ਫੇਰੀ ਦੌਰਾਨ ਰਾਜ ਮੰਤਰੀ ਨੇ ਸਰਬੀਆਈ ਰਾਸ਼ਟਰਪਤੀ ਮਹਾਮਹਿਮ ਅਲੈਕਜ਼ੈਂਡਰ ਵੁਸੀਚ ਅਤੇ ਸਰਬੀਆਈ ਪ੍ਰਧਾਨ ਮੰਤਰੀ ਮਹਾਮਹਿਮ ਅਨਾ ਬ੍ਰਨਾਬੀਚ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਨੇ ਉਪ ਪ੍ਰਧਾਨ ਮੰਤਰੀ ਅਤੇ ਖੇਤੀਬਾੜੀ, ਜੰਗਲਾਤ ਅਤੇ ਜਲ ਪ੍ਰਬੰਧਨ ਮੰਤਰੀ ਮਹਾਮਹਿਮ ਸ਼੍ਰੀ ਬ੍ਰੈਨਿਸਲਾਵ ਨੇਡੀਮੋਵਿਚ, ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਮਹਾਮਹਿਮ ਸ਼੍ਰੀ ਨੇਬੋਜੀਆ ਸਟੀਫਾਨੋਵਿਚ, ਉਪ ਪ੍ਰਧਾਨ ਮੰਤਰੀ, ਸੱਭਿਆਚਾਰ ਅਤੇ ਸੂਚਨਾ ਮੰਤਰੀ ਮਹਾਮਹਿਮ ਸ਼੍ਰੀਮਤੀ ਮਾਜਾਗੋਜਕੋਵਿਚ, ਵਪਾਰ, ਸੈਰ -ਸਪਾਟਾ ਅਤੇ ਦੂਰਸੰਚਾਰ ਮੰਤਰੀ ਮਹਾਮਹਿਮ ਸ਼੍ਰੀਮਤੀ ਤਤਜਾਨਾਮਾਤੀ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਨਿਕੋਲਾ ਸੇਲਾਕੋਵਿਚ ਨਾਲ ਸਾਡੇ ਦੁਵਾਲੇ ਸਬੰਧਾਂ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਸਥਾਰਤ ਚਰਚਾ ਕੀਤੀ। ਇਨ੍ਹਾਂ ਵਿਚਾਰ -ਵਟਾਂਦਰਿਆਂ ਦੌਰਾਨ ਦੋਵਾਂ ਧਿਰਾਂ ਨੇ ਆਪਸੀ ਰਿਸ਼ਤੇ ਨੂੰ ਅਪਗ੍ਰੇਡ ਕਰ ਉਚੇਰੇ ਪੱਧਰ ਤੇ ਲਿਜਾਣ ਦੀ ਆਪਣੀ ਸਾਂਝੀ ਇੱਛਾ ਦੁਹਰਾਈ। ਭਾਰਤ ਅਤੇ ਸਰਬੀਆ ਦਰਮਿਆਨ ਸੱਭਿਆਚਾਰਕ ਵਟਾਂਦਰਾ ਪ੍ਰੋਗਰਾਮ 'ਤੇ ਵੀ ਦਸਤਖਤ ਕੀਤੇ ਗਏ।

5. MoS ਅਤੇ ਸਰਬੀਆ ਦੀ ਪਹਿਲੀ ਮਹਿਲਾ ਮਹਾਮਹਿਮ ਸ਼੍ਰੀਮਤੀ ਤਮਾਰਾ ਵੁਸੀਚ ਨੇ ਸਰਬੀਆਈ ਯੋਗਾ ਅਧਿਆਪਕਾਂ ਅਤੇ ਪ੍ਰੈਕਟੀਸ਼ਨਰਾਂ ਦੀ ਹਾਜ਼ਰੀ ਵਿੱਚ ਹੋਈ ਯੋਗਾ ਮਾਸਟਰ ਕਲਾਸ ਵਿੱਚ ਹਿੱਸਾ ਲਿਆ।

6. ਰਾਜ ਮੰਤਰੀ ਨੇ ਬੈਲਗ੍ਰੇਡ ਯੂਨੀਵਰਸਿਟੀ ਦੀ ਲਾਅ ਫੈਕਲਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ। ਦੁਪਹਿਰ ਦੇ ਖਾਣੇ ਦੀ ਮੀਟਿੰਗ ਦੌਰਾਨ ਉਨ੍ਹਾਂ ਨੇ ਭਾਰਤ ਸਬੰਧੀ ਮਾਹਿਰਾਂ ਅਤੇ ਭਾਰਤ ਨੂੰ ਪਿਆਰ ਕਰਨ ਵਾਲੇ ਲੋਕਾਂ ਦੇ ਚੋਣਵੇਂ ਸਮੂਹ ਨਾਲ ਗੱਲਬਾਤ ਵੀ ਕੀਤੀ।

7. ਰਾਜ ਮੰਤਰੀ ਨੇ ਇਤਿਹਾਸਕ ਸੱਭਿਆਚਾਰਕ ਸੰਸਥਾ ਮੈਟਿਕਾ ਸ੍ਰਪਸਕਾ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਪ੍ਰਾਚੀਨ ਭਾਰਤੀ ਗ੍ਰੰਥਾਂ ਦੇ ਸਰਬੀਆਈ ਅਨੁਵਾਦ ਦਾ ਤੋਹਫ਼ਾ ਦਿੱਤਾ ਗਿਆ।

8. ਰਾਜ ਮੰਤਰੀ ਨੇ ਮਹਾਤਮਾ ਗਾਂਧੀ ਅਤੇ ਗੁਰੂਦੇਵ ਰਬਿੰਦਰਨਾਥ ਟੈਗੋਰ ਦੇ ਸਨਮਾਨ ਵਿੱਚ ਬਣਾਏ ਗਏ ਸਮਾਰਕਾਂ 'ਤੇ ਆਪਣੀ ਸ਼ਰਧਾਂਜਲੀ ਪੇਸ਼ ਕੀਤੀ।

9. ਇਸ ਯਾਤਰਾ ਨਾਲ ਭਾਰਤ ਅਤੇ ਸਰਬੀਆ ਦਰਮਿਆਨ ਨੇੜਲੇ ਅਤੇ ਦੋਸਤਾਨਾ ਸਬੰਧਾਂ ਨੂੰ ਹੋਰ ਰਫਤਾਰ ਮਿਲੀ। ਦੋਹਾਂ ਧਿਰਾਂ ਨੇ ਆਪਣੇ ਦਰਮਿਆਨ ਭਾਈਵਾਲੀ ਨੂੰ ਵਿਸਥਾਰਤ ਕਰਨ ਅਤੇ ਅਤੇ ਇਸ ਵਿੱਚ ਵੰਨ ਸੁਵੰਨਤਾ ਲਿਆਉਣ 'ਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
14 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.